## ਕੋਲਨੋਸਕੋਪੀ ਕੀ ਹੈ?

ਕੋਲਨੋਸਕੋਪੀ ਇਕ ਤਰੀਕਾ ਹੈ ਜਿਹੜਾ ਕਿਸੇ ਕੋਲਨੋਸਕੋਪਿਸਟ ਨੂੰ ਕੋਲੋਨੋਸਕੋਪ ਨਾਂ ਦੇ ਇਕ ਖਾਸ ਯੰਤਰ ਨਾਲ ਗੁਦਾ (ਰੈਕਟਮ) ਅਤੇ ਕੋਲਨ (ਵੱਡੀ ਆਂਦਰ) ਦੀ ਅੰਦਰਲੀ ਤਹਿ ਨੂੰ ਦੇਖਣ ਦਿੰਦਾ ਹੈ।

ਕੋਲਨੋਸਕੋਪ ਇਕ ਲਚਕਦਾਰ ਟਿਊਬ ਹੈ ਜਿਸ ਦੇ ਇਕ ਸਿਰੇ ’ਤੇ ਨਿੱਕਾ ਕੈਮਰਾ ਲੱਗਾ ਹੁੰਦਾ ਹੈ ਤਾਂ ਜੋ ਕੋਲਨੋਸਕੋਪਿਸਟ ਤੁਹਾਡੀ ਕੋਲਨ (ਵੱਡੀ ਆਂਦਰ) ਦੀਆਂ ਤਸਵੀਰਾਂ ਅਤੇ ਵੀਡੀਓ ਲੈ ਸਕੇ। ਕੋਲਨੋਸਕੋਪੀ ਦੌਰਾਨ, ਟਿਸ਼ੂ ਦੇ ਨਮੂਨੇ ਲਏ ਜਾ ਸਕਦੇ ਹਨ ਅਤੇ ਅਸਾਧਾਰਣ ਵਾਧਿਆਂ ਨੂੰ ਕੱਢਿਆ ਜਾ ਸਕਦਾ ਹੈ।

## ਸਾਡੇ ਨਾਲ ਸੰਪਰਕ ਕਰੋ

BC Cancer Colon Screening
801-686 West Broadway
Vancouver, BC V5Z 1G1

ਫੋਨ: 1-877-702-6566
ਈਮੇਲ: screening@bccancer.bc.ca
ਵੈੱਬ: www.screeningbc.ca/colon

ਤੁਹਾਡੀ ਨਿੱਜੀ ਜਾਣਕਾਰੀ, ਪਰਸਨਲ ਇਨਫਰਮੇਸ਼ਨ ਪ੍ਰੋਟੈਕਸ਼ਨ ਐਕਟ ਅਤੇ ਜਿੱਥੇ ਲਾਗੂ ਹੁੰਦਾ ਹੋਵੇ ਫ੍ਰੀਡਮ ਔਫ ਇਨਫਰਮੇਸ਼ਨ ਐਂਡ ਪ੍ਰੋਟੈਕਸ਼ਨ ਔਫ ਪ੍ਰਾਈਵੇਸੀ ਐਕਟ ਮੁਤਾਬਕ ਇਕੱਠੀ ਕੀਤੀ ਜਾਂਦੀ ਹੈ ਅਤੇ ਇਸ ਦੀ ਅਣਅਧਿਕਾਰਤ ਵਰਤੋਂ ਅਤੇ ਅਗਾਂਹ ਦੱਸੇ ਜਾਣ ਤੋਂ ਰੱਖਿਆ ਕੀਤੀ ਜਾਂਦੀ ਹੈ। ਇਹ ਜਾਣਕਾਰੀ ਇਨ੍ਹਾਂ ਐਕਟਾਂ ਮੁਤਾਬਕ ਹੀ ਵਰਤੀ ਅਤੇ ਅਗਾਂਹ ਦੱਸੀ ਜਾ ਸਕਦੀ ਹੈ, ਅਤੇ ਇਸ ਦੀ ਵਰਤੋਂ ਕੁਆਲਟੀ ਦੀ ਜ਼ਾਮਨੀ ਲਈ ਕੀਤੀ ਜਾਵੇਗੀ ਅਤੇ ਇਹ ਇਲਾਜ ਵਿਚ ਸ਼ਾਮਲ ਡਾਕਟਰਾਂ ਨੂੰ ਦੱਸੀ ਜਾਵੇਗੀ ਜਾਂ ਉਦੋਂ ਦੱਸੀ ਜਾਵੇਗੀ ਜਦੋਂ ਕਾਨੂੰਨ ਮੰਗ ਕਰਦਾ ਹੋਵੇ।

ਬੀ ਸੀ ਕੈਂਸਰ ਵਲੋਂ ਇਕੱਠੀ ਕੀਤੀ ਜਾਣ ਵਾਲੀ ਜਾਣਕਾਰੀ ਸੰਬੰਧੀ ਜੇ ਕੋਈ ਵੀ ਸਵਾਲ ਹੋਣ ਤਾਂ ਇਹ ਓਪਰੇਸ਼ਨਜ਼ ਡਾਇਰੈਕਟਰ, ਕੈਂਸਰ ਸਕਰੀਨਿੰਗ ਤੋਂ ਪੁੱਛੇ ਜਾ ਸਕਦੇ ਹਨ (ਐਡਰੈਸ: 801 – 686 West Broadway, Vancouver BC V5Z 1G1, ਵੈੱਬ: www.screeningbc.ca ਜਾਂ ਈਮੇਲ: screening@bccancer.bc.ca)

ਇਹ ਬਰੋਸ਼ਰ ਹੋਰ ਜ਼ਬਾਨਾਂ ਵਿਚ ਵੀ ਮਿਲਦਾ ਹੈ। ਅਨੁਵਾਦ ਹੋਏ ਰੂਪ ਲੈਣ ਲਈ www.screeningbc.ca ’ਤੇ ਜਾਓ।

Version: July 2018
Punjabi

BC CANCER COLON SCREENING
Provincial Health Services Authority



# ਅਬਨੌਰਮਲ ਫੀਸਲ ਇਮਿਊਨੋਕੈਮੀਕਲ (ਐੱਫ ਆਈ ਟੀ) ਟੈੱਸਟ

### ਅਬਨੌਰਮਲ ਐੱਫ ਆਈ ਟੀ ਬਾਰੇ ਤੁਹਾਡੇ ਸਵਾਲਾਂ ਦੇ ਜਵਾਬ ਦੇਣਾ

screeningbc.ca/colon

## ਅਬਨੌਰਮਲ ਫੀਸਲ ਇਮਿਊਨੋਕੈਮੀਕਲ ਟੈੱਸਟ (ਐੱਫ ਆਈ ਟੀ) ਨਤੀਜੇ ਦਾ ਮਤਲਬ ਹੈ ਕਿ ਟੱਟੀ ਦਾ ਜਿਹੜਾ ਨਮੂਨਾ ਤੁਸੀਂ ਦਿੱਤਾ ਸੀ ਉਸ ਵਿਚ ਖ਼ੂਨ ਹੋਣ ਦਾ ਪਤਾ ਲੱਗਾ ਸੀ। ਅਬਨੌਰਮਲ ਐੱਫ ਆਈ ਟੀ ਨਤੀਜਾ ਹੋਣਾ ਆਮ ਗੱਲ ਹੈ ਅਤੇ ਇਸ ਦਾ ਮਤਲਬ ਇਹ ਨਹੀਂ ਹੈ ਕਿ ਤੁਹਾਨੂੰ ਕੈਂਸਰ ਹੈ।

ਐੱਫ ਆਈ ਟੀ ਲਈ ਟੈੱਸਟ ਕੀਤੇ ਜਾਣ ਵਾਲੇ ਲੋਕਾਂ ਵਿੱਚੋਂ ਤਕਰੀਬਨ ਪੰਦਰਾਂ ਪ੍ਰਤੀਸ਼ਤ ਦੇ ਨਤੀਜੇ ਅਸਾਧਾਰਣ ਹੋਣਗੇ ਅਤੇ ਉਨ੍ਹਾਂ ਨੂੰ ਅਗਾਂਹ ਹੋਰ ਟੈੱਸਟ ਕਰਨ ਦੀ ਲੋੜ ਪਵੇਗੀ। ਇਸ ਦਾ ਮਤਲਬ ਇਹ ਨਹੀਂ ਹੈ ਕਿ ਕੈਂਸਰ ਲੱਭੀ ਹੈ – ਅਬਨੌਰਮਲ ਐੱਫ ਆਈ ਟੀ ਵਾਲੇ ਲੋਕਾਂ ਵਿੱਚੋਂ ਵੱਡੀ ਬਹੁਗਿਣਤੀ ਨੂੰ ਕੈਂਸਰ ਨਹੀਂ ਹੋਵੇਗੀ।

ਅਬਨੌਰਮਲ ਐੱਫ ਆਈ ਟੀ ਦੇ ਨਤੀਜੇ ਵਾਲੇ ਕੁਝ ਲੋਕਾਂ ਵਿਚ ਪੌਲੀਅਪਸ ਹੋ ਸਕਦੇ ਹਨ। ਪੌਲੀਅਪਸ ਛੋਟੇ ਵਾਧੇ ਹਨ ਜੋ ਕਿ ਅੰਤੜੀ ਜਾਂ ਗੁਦਾ ਵਿਚ ਹੋ ਸਕਦੇ ਹਨ, ਜਿਸ ਦੀਆਂ ਅਕਸਰ ਵਾਧੇ ਦੇ ਅਗੇਤੇ ਪੜਾਵਾਂ ’ਤੇ ਕੋਈ ਨਿਸ਼ਾਨੀਆਂ ਨਹੀਂ ਹੁੰਦੀਆਂ। ਬਹੁਤੇ ਪੌਲੀਅਪਸ ਕਦੇ ਵੀ ਕੈਂਸਰ ਵਿਚ ਤਬਦੀਲ ਨਹੀਂ ਹੋਣਗੇ, ਅਤੇ ਜਿਹੜੇ ਹੁੰਦੇ ਹਨ, ਉਨ੍ਹਾਂ ਨੂੰ ਇਸ ਤਬਦੀਲੀ ਲਈ ਕਈ ਸਾਲ ਲੱਗਣਗੇ, ਜਿਸ ਕਰਕੇ 50 ਤੋਂ 74 ਸਾਲ ਦੀ ਉਮਰ ਦੇ ਵਿਚਕਾਰ ਦੇ ਲੋਕਾਂ ਨੂੰ ਨੇਮ ਨਾਲ ਚੈੱਕ ਕੀਤਾ ਜਾਣਾ ਚਾਹੀਦਾ ਹੈ।

## ਅਸਾਧਾਰਣ ਨਤੀਜੇ ਦਾ ਕਾਰਨ ਕੀ ਹੁੰਦਾ ਹੈ?

ਐੱਫ ਆਈ ਟੀ ਜਾਂਚ ਕਰਨ ਲਈ ਇਕ ਟੈੱਸਟ ਹੈ ਜਿਹੜਾ ਕਿ ਸਿਰਫ ਟੱਟੀ ਵਿਚ ਖ਼ੂਨ ਦਾ ਪਤਾ ਹੀ ਲਾ ਸਕਦਾ ਹੈ। ਐੱਫ ਆਈ ਟੀ ਰੋਗ ਦੀ ਪਛਾਣ ਕਰਨ ਦਾ ਟੈੱਸਟ ਨਹੀਂ ਹੈ। ਇਸ ਦਾ ਮਤਲਬ ਹੈ ਕਿ ਜਦ ਕਿ ਐੱਫ ਆਈ ਟੀ ਇਕ ਨਿਸ਼ਾਨੀ ਲੱਭ ਸਕਦਾ ਹੈ ਜਿਹੜੀ ਕੈਂਸਰ ਵੱਲ ਸੰਕੇਤ ਕਰ ਸਕਦੀ ਹੈ (ਟੱਟੀ ਵਿਚ ਖ਼ੂਨ ਹੋਣਾ), ਪਰ ਇਸ ਦੀ ਵਰਤੋਂ ਕੈਂਸਰ ਦੀ ਪਛਾਣ ਕਰਨ ਲਈ ਨਹੀਂ ਕੀਤੀ ਜਾ ਸਕਦੀ ਜਾਂ ਉਸ ਕਾਰਨ ਦੀ ਪਛਾਣ ਕਰਨ ਲਈ ਨਹੀਂ ਕੀਤੀ ਜਾ ਸਕਦੀ ਕਿ ਟੱਟੀ ਵਿਚ ਖ਼ੂਨ ਕਿਉਂ ਹੈ।

ਅਬਨੌਰਮਲ ਐੱਫ ਆਈ ਟੀ ਨਤੀਜੇ ਦਾ ਮਤਲਬ ਸਿਰਫ ਇਹ ਹੈ ਕਿ ਟੱਟੀ ਦੇ ਉਸ ਨਮੂਨੇ ਵਿਚ ਖ਼ੂਨ ਲੱਭਿਆ ਸੀ ਜਿਹੜਾ ਤੁਸੀਂ ਦਿੱਤਾ ਸੀ। ਐੱਫ ਆਈ ਟੀ ਸਾਨੂੰ ਸਿਰਫ ਇਹ ਦੱਸ ਸਕਦਾ ਹੈ ਕਿ ਤੁਹਾਡੇ ਹੇਠਲੇ ਡਾਈਜੈਸਟਿਵ (ਪਾਚਕ) ਏਰੀਏ ਵਿਚ ਕਿਸੇ ਥਾਂ ਤੋਂ ਖ਼ੂਨ ਪੈਂਦਾ ਹੈ। ਇਹ ਸਾਨੂੰ ਇਹ ਨਹੀਂ ਦੱਸ ਸਕਦਾ ਕਿ ਕਿਹੜਾ ਹਿੱਸਾ ਹੈ ਜਾਂ ਕਿਉਂ ਪੈਂਦਾ ਹੈ।

ਇਸ ਚੀਜ਼ ਦੇ ਕਈ ਵੱਖ ਵੱਖ ਕਾਰਨ ਹੋ ਸਕਦੇ ਹਨ ਕਿ ਤੁਹਾਡੀ ਟੱਟੀ ਵਿਚ ਖ਼ੂਨ ਕਿਉਂ ਲੱਭਾ ਹੈ, ਜਿਸ ਵਿਚ ਖ਼ੂਨੀ ਬਵਾਸੀਰ (ਕਦੇ ਕਦੇ ਬਿਨਾਂ ਦਰਦ ਦੇ ਜਾਂ ਅੰਦਰੂਨੀ), ਅਲਸਰਾਂ ਅਤੇ ਗੁਦਾ ਵਿਚ ਚੀਰੇ, ਕੋਈ ਹੋਰ ਬੀਮਾਰੀ, ਜਾਂ ਸੋਜਸ਼ ਸ਼ਾਮਲ ਹਨ।

ਜੇ ਤੁਹਾਡਾ ਅਬਨੌਰਮਲ ਐੱਫ ਆਈ ਟੀ ਨਤੀਜਾ ਆਇਆ ਹੈ ਤਾਂ ਇਹ ਬਹੁਤ ਜ਼ਰੂਰੀ ਹੈ ਕਿ ਤੁਹਾਡੀ ਕੋਲਨੋਸਕੋਪੀ ਲਈ ਜਾਂਚ ਕੀਤੀ ਜਾਵੇ। ਕੋਲਨੋਸਕੋਪੀ ਇਹ ਪਤਾ ਲਾ ਸਕਦੀ ਹੈ ਕਿ ਖ਼ੂਨ ਕਿੱਥੋਂ ਆ ਰਿਹਾ ਹੈ।



## ਤੁਹਾਨੂੰ ਕੀ ਜਾਣਨਾ ਚਾਹੀਦਾ ਹੈ

- ਅਬਨੌਰਮਲ ਐੱਫ ਆਈ ਟੀ ਨਤੀਜੇ ਦਾ ਮਤਲਬ ਇਹ ਨਹੀਂ ਹੈ ਕਿ ਤੁਹਾਨੂੰ ਕੈਂਸਰ ਹੈ।
- ਟੈੱਸਟਾਂ ਜਾਂ ਇਲਾਜ ਲਈ ਸਾਰੀਆਂ ਅਪੌਇੰਟਮੈਂਟਾਂ ’ਤੇ ਜਾਣਾ ਜ਼ਰੂਰੀ ਹੈ।
- ਜੇ ਕੈਂਸਰ ਤੋਂ ਪਹਿਲਾਂ ਵਾਲੇ ਪੌਲੀਅਪਸ ਲੱਭਣ ਤਾਂ ਬਹੁਤੇ ਕੋਲਨੋਸਕੋਪੀ ਦੌਰਾਨ ਕੱਢ ਦਿੱਤੇ ਜਾਂਦੇ ਹਨ।

## ਅਬਨੌਰਮਲ ਐੱਫ ਆਈ ਟੀ ਨਤੀਜੇ ਤੋਂ ਬਾਅਦ ਕੀ ਹੁੰਦਾ ਹੈ?

ਤੁਹਾਨੂੰ ਡਾਕ ਰਾਹੀਂ ਆਪਣਾ ਅਬਨੌਰਮਲ ਐੱਫ ਆਈ ਟੀ ਨਤੀਜਾ ਮਿਲਣ ਤੋਂ ਬਾਅਦ, ਅਗਾਂਹ ਹੋਰ ਪੈਰਵੀ ਦੇ ਸੰਬੰਧ ਵਿਚ ਤੁਹਾਡੇ ਇਲਾਕੇ ਵਿਚਲੀ ਹੈਲਥ ਕੇਅਰ ਟੀਮ ਵਲੋਂ ਤੁਹਾਡੇ ਨਾਲ ਸੰਪਰਕ ਕੀਤਾ ਜਾਵੇਗਾ। ਹੈਲਥ ਕੇਅਰ ਟੀਮ ਤੁਹਾਡੀ ਹਾਲਤ ਬਾਰੇ ਵਿਚਾਰ ਕਰੇਗੀ ਅਤੇ ਜੇ ਢੁਕਵਾਂ ਹੋਵੇ ਤਾਂ ਤੁਹਾਡੇ ਲਈ ਕੋਲਨੋਸਕੋਪੀ ਬੁੱਕ ਕਰੇਗੀ, ਜਾਂ ਜੇ ਕਿਸੇ ਹੋਰ ਨਿਗਰਾਨੀ ਜਾਂ ਇਲਾਜ ਦੀ ਸਲਾਹ ਦਿੱਤੀ ਗਈ ਹੋਵੇ ਤਾਂ ਤੁਹਾਨੂੰ ਇਸ ਬਾਰੇ ਦੱਸੇਗੀ।